CITY OF MONASH

# ਮੈਂਬਰਸ਼ਿਪ ਦੀਆਂ ਸ਼ਰਤਾਂ

ਮੈਂਬਰਸ਼ਿਪ ਦੀਆਂ ਸ਼ਰਤਾਂ

- ਲਾਇਬ੍ਰੇਰੀ ਦਾ ਮੈਂਬਰ ਬਣਨ ਲਈ ਆਪਣੇ ਨਾਮ ਅਤੇ ਮੌਜੂਦਾ ਪਤੇ ਦਾ ਸਬੂਤ ਦਿਖਾਓ। ਜਿਹਨਾਂ ਕੋਲ ਪਤੇ ਦਾ ਸਬੂਤ ਨਹੀਂ ਹੈ ਉਹ ਬਿਨੈਕਾਰ ਛੋਟ ਲਈ ਯੋਗ ਹੋ ਸਕਦੇ ਹਨ, ਇਹ ਫੈਸਲਾ ਲਾਇਬ੍ਰੇਰੀ ਦੇ ਇੰਚਾਰਜ ਦੁਆਰਾ ਕੀਤਾ ਜਾਂਦਾ ਹੈ।

- ਮਾਤਾ-ਪਿਤਾ/ਸਰਪ੍ਰਸਤਾਂ ਨੂੰ ਉਹਨਾਂ ਬਿਨੈਕਾਰਾਂ ਲਈ ਜ਼ਿੰਮੇਵਾਰ ਵਿਅਕਤੀ ਵਜੋਂ ਦਸਤਖਤ ਕਰਨ ਦੀ ਲੋੜ ਹੁੰਦੀ ਹੈ ਜਿਹਨਾਂ ਦੀ ਉਮਰ 16 ਸਾਲ ਤੋਂ ਘੱਟ ਹੈ। ਜ਼ਿੰਮੇਵਾਰ ਵਿਅਕਤੀ ਮੈਂਬਰਸ਼ਿਪ ਕਾਰਡ 'ਤੇ ਲਈਆਂ ਗਈਆਂ ਸਾਰੀਆਂ ਉਧਾਰ ਵਾਲੀਆਂ ਚੀਜ਼ਾਂ ਲਈ ਜਿਨ੍ਹਾਂ 'ਤੇ ਉਨ੍ਹਾਂ ਨੇ ਦਸਤਖਤ ਕੀਤੇ ਹਨ ਅਤੇ ਮੈਂਬਰ ਦੁਆਰਾ ਲਗਾਈਆਂ ਗਈਆਂ ਸਾਰੀਆਂ ਫੀਸਾਂ ਅਤੇ ਖਰਚਿਆਂ ਦੇ ਭੁਗਤਾਨ ਲਈ ਜ਼ਿੰਮੇਵਾਰ ਹੁੰਦੇ ਹਨ।

- ਉਧਾਰ ਲੈਣ ਲਈ, ਜਾਂ ਆਪਣੇ ਖਾਤੇ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਨੂੰ ਜਾਂਚਣ ਲਈ ਆਪਣਾ ਲਾਇਬ੍ਰੇਰੀ ਕਾਰਡ ਦਿਖਾਓ। ਜੇਕਰ ਤੁਹਾਡੇ ਕੋਲ ਤੁਹਾਡਾ ਲਾਇਬ੍ਰੇਰੀ ਕਾਰਡ ਨਹੀਂ ਹੈ, ਤਾਂ ਤੁਹਾਨੂੰ ਲਈ ਆਪਣੇ ਨਾਮ ਅਤੇ ਮੌਜੂਦਾ ਪਤੇ ਦਾ ਸਬੂਤ ਦਿਖਾਉਣਾ ਲਾਜ਼ਮੀ ਹੈ।

- ਜੇਕਰ ਤੁਸੀਂ ਆਪਣਾ ਨਾਮ ਜਾਂ ਪਤਾ ਬਦਲਦੇ ਹੋ ਤਾਂ ਸਾਨੂੰ ਦੱਸੋ।

- ਆਪਣੇ ਕਾਰਡ ਤੋਂ ਉਧਾਰ ਲਈ ਗਈ ਕਿਸੇ ਵੀ ਗੁੰਮ ਹੋਈਆਂ ਜਾਂ ਖਰਾਬ ਹੋਈਆਂ ਚੀਜ਼ਾਂ ਲਈ ਬਦਲੀ ਖਰਚੇ ਦਾ ਭੁਗਤਾਨ ਕਰੋ। ਬਦਲੀ ਖਰਚੇ ਵਿੱਚ ਚੀਜ਼ ਦੀ ਲਾਗਤ ਅਤੇ ਇੱਕ ਨਾ-ਵਾਪਸੀਯੋਗ ਪ੍ਰੋਸੈਸਿੰਗ ਖਰਚਾ ਸ਼ਾਮਲ ਹੁੰਦਾ ਹੈ।

- ਜੇ ਤੁਹਾਡਾ ਲਾਇਬ੍ਰੇਰੀ ਕਾਰਡ ਗੁੰਮ ਹੋ ਗਿਆ ਜਾਂ ਚੋਰੀ ਹੋ ਗਿਆ ਹੈ ਤਾਂ ਸਾਨੂੰ ਦੱਸੋ। ਤੁਹਾਨੂੰ ਗੁੰਮ ਹੋਏ ਲਾਇਬ੍ਰੇਰੀ ਕਾਰਡ ਨੂੰ ਬਦਲਣ ਲਈ ਭੁਗਤਾਨ ਕਰਨਾ ਪਵੇਗਾ।

- ਤੁਹਾਡੇ ਕੋਲ ਸਿਰਫ਼ ਇੱਕ ਹੀ ਲਾਇਬ੍ਰੇਰੀ ਕਾਰਡ ਹੋ ਸਕਦਾ ਹੈ।

- ਤੁਸੀਂ ਆਪਣੇ ਲਾਇਬ੍ਰੇਰੀ ਕਾਰਡ ਤੋਂ ਲਈਆਂ ਗਈਆਂ ਸਾਰੀਆਂ ਉਧਾਰ ਦੀਆਂ ਵਸਤਾਂ ਦੀ ਜ਼ਿੰਮੇਵਾਰੀ ਪ੍ਰਵਾਨ ਕਰਦੇ ਹੋ।

- ਤੁਸੀਂ ਆਪਣੀਆਂ ਉਧਾਰ ਲਈਆਂ ਚੀਜ਼ਾਂ ਨੂੰ ਉਦੋਂ ਤੱਕ ਦੋ ਵਾਰ ਰੀਨਿਊ ਕਰ ਸਕਦੇ ਹੋ, ਜਦੋਂ ਤੱਕ ਕੋਈ ਹੋਰ ਲਾਇਬ੍ਰੇਰੀ ਮੈਂਬਰ ਉਹਨਾਂ ਨੂੰ ਰਿਜ਼ਰਵ ਨਹੀਂ ਕਰਦਾ। ਤੁਸੀਂ ਵਿਅਕਤੀਗਤ ਪੱਧਰ 'ਤੇ ਫ਼ੋਨ ਰਾਹੀਂ ਜਾਂ ਔਨਲਾਈਨ ਵੀ ਰੀਨਿਊ ਕਰ ਸਕਦੇ ਹੋ।

- ਜੇਕਰ ਉਹਨਾਂ ਵਸਤੂਆਂ ਦਾ ਕੋਈ ਨੁਕਸਾਨ ਤੁਹਾਡੇ ਧਿਆਨ ਵਿੱਚ ਆਉਂਦਾ ਹੈ ਜੋ ਤੁਸੀਂ ਉਧਾਰ ਲੈਣਾ ਚਾਹੁੰਦੇ ਹੋ, ਤਾਂ ਉਹਨਾਂ ਨੂੰ ਉਧਾਰ ਲੈਣ ਤੋਂ ਪਹਿਲਾਂ ਸਾਨੂੰ ਦੱਸੋ।

ਲਾਇਬ੍ਰੇਰੀ ਵਿੱਚ ਵਿਵਹਾਰ

- ਕੌਂਸਲ ਸਾਡੇ ਗਾਹਕਾਂ ਅਤੇ ਸਟਾਫ਼ ਲਈ ਇੱਕ ਸੁਰੱਖਿਅਤ ਅਤੇ ਸਹਿਜ ਮਾਹੌਲ ਪ੍ਰਦਾਨ ਕਰਨ ਵਾਸਤੇ ਵਚਨਬੱਧ ਹੈ।

- ਕੌਂਸਲ ਹੇਠ ਦਿੱਤੇ ਵਰਤਾਓ ਨੂੰ ਸਹਿਣ ਨਹੀ ਕਰਦੀ:
    - ਅਸਮਾਜਿਕ ਵਰਤਾਓ ਜਿਵੇਂ ਕਿ ਪਰੇਸ਼ਾਨ ਕਰਨਾ, ਹਮਲਾਵਰ ਰੁੱਖ ਜਾਂ ਅਣਉਚਿਤ ਭਾਸ਼ਾ ਦੀ ਵਰਤੋਂ ਕਰਨੀ।

- ਇੱਕ ਅਜਿਹੇ ਢੰਗ ਨਾਲ ਕੰਮ ਕਰਨਾ ਜੋ ਪਰੇਸ਼ਾਨੀ ਦਾ ਕਾਰਨ ਬਣੇ, ਕਿਸੇ ਹੋਰ ਵਿਅਕਤੀ ਨੂੰ ਖ਼ਤਰੇ ਵਿੱਚ ਪਾਵੇ, ਜਾਂ ਕਿਸੇ ਹੋਰ ਵਿਅਕਤੀ ਦੁਆਰਾ ਲਾਇਬ੍ਰੇਰੀ ਦੀ ਵਰਤੋਂ ਅਤੇ ਆਨੰਦ ਵਿੱਚ ਦਖਲਅੰਦਾਜ਼ੀ ਕਰੇ।
- ਇੱਕ ਅਜਿਹੇ ਢੰਗ ਨਾਲ ਕੰਮ ਕਰੇ ਜੋ ਕਿਸੇ ਸੰਕੇਤ ਦੇ ਵਿਰੁਧ ਹੋਵੇ, ਜਾਂ ਲਾਇਬ੍ਰੇਰੀ ਦੇ ਇੰਚਾਰਜ ਜਾਂ ਇੱਕ ਅਧਿਕਾਰਤ ਅਧਿਕਾਰੀ ਦੇ ਕਾਨੂੰਨੀ ਨਿਰਦੇਸ਼ਾਂ ਦੇ ਵਿਰੁੱਧ ਹੋਵੇ।
- ਲਾਇਬ੍ਰੇਰੀ ਦੀ ਜ਼ਾਇਦਾਦ ਨੂੰ ਨਸ਼ਟ ਕਰਨਾ ਜਾਂ ਨੁਕਸਾਨ ਪਹੁੰਚਾਉਣਾ ਅਤੇ ਕੰਪਿਊਟਰ ਅਤੇ ਇੰਟਰਨੈਟ/ਵਾਈਫਾਈ ਵਰਤੋਂ ਦੀਆਂ ਸ਼ਰਤਾਂ ਦੀ ਪਾਲਣਾ ਨਾ ਕਰਨਾ ਜਿਸ ਵਿੱਚ ਲਾਇਬ੍ਰੇਰੀ ਸਰੋਤਾਂ ਦੀ ਦੁਰਵਰਤੋਂ ਵੀ ਸ਼ਾਮਲ ਹੈ।

- ਲਾਇਬ੍ਰੇਰੀ ਸਟਾਫ਼ ਕੋਲ ਮੋਨਾਸ਼ ਸ਼ਹਿਰ ਦੇ ਸਥਾਨਕ ਕਾਨੂੰਨ ਨੰ. 3 ਦੇ ਅਨੁਸਾਰ ਅਧਿਕਾਰ ਹੈ ਕਿ ਉਹ ਉਹਨਾਂ ਲੋਕਾਂ ਨੂੰ ਉਥੋਂ ਚਲੇ ਜਾਣ ਲਈ ਕਹਿ ਸਕਦੇ ਹਨ ਜੋ ਅਸਹਿਣ ਯੋਗ ਢੰਗ ਨਾਲ ਵਰਤਾਓ ਕਰਦੇ ਹਨ।
- ਲਾਇਬ੍ਰੇਰੀ ਵਿੱਚ ਆਉਣ ਵਾਲਿਆਂ ਲਈ ਕੌਂਸਲ, ਰਾਜ ਜਾਂ ਸੰਘੀ ਸਰਕਾਰ ਦੀਆਂ ਸਿਹਤ ਲੋੜਾਂ ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਜਰੂਰੀ ਹੁੰਦੀ ਹੈ
- ਜਿਹੜੇ ਲੋਕ ਲਗਾਤਾਰ ਹੀ ਇੱਕ ਅਸਹਿਣ ਯੋਗ ਢੰਗ ਨਾਲ ਵਰਤਾਓ ਕਰਦੇ ਹਨ, ਉਹਨਾਂ ਨੂੰ ਕੁੱਝ ਲਾਇਬ੍ਰੇਰੀ ਸਰੋਤਾਂ ਦੀ ਵਰਤੋਂ ਕਰਨ ਤੋਂ ਇਨਕਾਰ ਕੀਤਾ ਜਾ ਸਕਦਾ ਹੈ ਜਾਂ ਇੱਕ ਨਿਸ਼ਚਿਤ ਸਮੇਂ ਲਈ ਲਾਇਬ੍ਰੇਰੀ ਵਿੱਚ ਦਾਖਲ ਹੋਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ, ਜੋ ਕਿ ਅਸਹਿਣ ਯੋਗ ਵਰਤਾਓ ਦੀਆਂ ਹਾਲਾਤਾਂ ਅਤੇ ਪ੍ਰਕਿਰਤੀ ਦੇ ਅਧਾਰ 'ਤੇ ਹੈ।
- 11 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਦੇਖ-ਰੇਖ ਕਿਸੇ ਜ਼ਿੰਮੇਵਾਰ ਬਾਲਗ ਦੁਆਰਾ ਹੀ ਕੀਤੀ ਜਾਣੀ ਚਾਹੀਦੀ ਹੈ।
- ਜੋ ਲੋਕ ਇੰਟਰਨੈਟ ਦੀ ਵਰਤੋਂ ਕਰਦੇ ਹਨ ਉਹਨਾਂ ਲਈ ਕੰਪਿਊਟਰ ਅਤੇ ਇੰਟਰਨੈਟ/ਵਾਈਫਾਈ ਵਰਤੋਂ ਸਬੰਧੀ ਸ਼ਰਤਾਂ ਨੂੰ ਸਵੀਕਾਰ ਕਰਨਾ ਅਤੇ ਉਹਨਾਂ ਦੀ ਪਾਲਣਾ ਕਰਨੀ ਲਾਜਮੀ ਹੈ।

ਨਿੱਜਤਾ

ਕੌਂਸਲ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਸਿਰਫ਼ ਲਾਇਬ੍ਰੇਰੀ ਸੇਵਾਵਾਂ ਦੀ ਪਹੁੰਚ ਪ੍ਰਦਾਨ ਕਰਨ ਦੇ ਮਕਸਦ ਲਈ ਹੀ ਕਰੇਗੀ। ਤੁਹਾਡੀ ਸਹਿਮਤੀ ਤੋਂ ਬਿਨਾਂ ਕਿਸੇ ਬਾਹਰੀ ਧਿਰ ਨੂੰ ਤੁਹਾਡੀ ਨਿੱਜੀ ਜਾਣਕਾਰੀ ਉਦੋਂ ਤੱਕ ਉਜਾਗਰ ਨਹੀਂ ਕੀਤੀ ਜਾਵੇਗੀ, ਜਦੋਂ ਤੱਕ ਕੋਈ ਕਾਨੂੰਨੀ ਜਾਂ ਅਧਿਕਾਰਤ ਲੋੜ ਨਾ ਹੋਵੇ ਜਾਂ ਪ੍ਰਾਈਵੇਸੀ ਐਂਡ ਡੈਟਾ ਪ੍ਰੋਟੈਕਸ਼ਨ ਐਕਟ *2014* ਦੇ ਅਧੀਨ ਲੋੜ ਨਾ ਹੋਵੇ। ਕੌਂਸਲ ਨੇ ਨਿੱਜੀ ਜਾਣਕਾਰੀ ਦੀ ਸੁਰੱਖਿਆ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਅਪਣਾਈਆਂ ਹਨ। ਇਹ ਕੌਂਸਲ ਦੀ ਵੈੱਬਸਾਈਟ ***www.monash.vic.gov.au/legal/privacy*** 'ਤੇ ਉਪਲੱਬਧ ਹਨ।

## ਕੰਪਿਊਟਰ ਅਤੇ ਇੰਟਰਨੈੱਟ/WiFi ਵਰਤਣ ਦੀਆਂ ਸ਼ਰਤਾਂ

- ਕੰਪਿਊਟਰ ਵਰਤੋਂਕਾਰ ਜੋ ਲਾਇਬ੍ਰੇਰੀ ਦੇ ਵਾਜਬ ਮੈਂਬਰ ਹਨ,ਨੂੰ ਆਪਣਾ ਖੁਦ ਦਾ ਕਾਰਡ ਨੰਬਰ ਵਰਤਦੇ ਹੋਏ ਕੰਪਿਊਟਰ ਚ ਲਾਗ-ਇਨ ਕਰਨਾ ਪਵੇਗਾ। ਕੰਪਿਊਟਰ ਵਰਤਣ ਲਈ ਵਿਕਟੋਰੀਆ ਦੇ ਸੈਲਾਨੀ ਆਪਣਾ ਪਛਾਣ ਪੱਤਰ ਪ੍ਰਦਾਨ ਕਰ ਕੇ ਸੈਲਾਨੀ ਪਾਸ ਪ੍ਰਾਪਤ ਕਰ ਸਕਦੇ ਹਨ।

- ਜੇਕਰ ਕਿਸੇ ਵਰਤੋਂਕਾਰ ਦੀ ਉਮਰ 16 ਸਾਲ ਤੋਂ ਘੱਟ ਹੈ ਤਾਂ ਉਸਦੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਜਿੰਮੇਵਾਰ ਵਿਅਕਤੀ ਵਜੋਂ ਰਜਿਸਟਰ ਹੋਣਾ ਪਵੇਗਾ। ਬੱਚੇ ਦੀ ਇੰਟਰਨੈੱਟ ਅਤੇ ਤਕਨੀਕੀ ਸ੍ਰੋਤਾਂ ਤੱਕ ਪਹੁੰਚ ਉੱਤੇ ਨਿਗਰਾਨੀ ਦੀ ਜਿੰਮੇਵਾਰੀ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਹੋਵੇਗੀ।
- ਇੱਕੋ ਸਮੇਂ ਤੇ ਦੋ ਤੋਂ ਵੱਧ ਵਿਅਕਤੀ ਲਾਇਬ੍ਰੇਰੀ ਦੇ ਕੰਪਿਊਟਰ ਦੀ ਵਰਤੋਂ ਨਹੀਂ ਕਰ ਸਕਦੇ।
- ਵਰਤੋਂਕਾਰ ਆਪਣੀ ਬੁਕਿੰਗ ਦੌਰਾਨ ਇੰਟਰਨੈੱਟ ਦੇ ਸੰਚਾਲਨ ਲਈ ਖੁਦ ਜਿੰਮੇਵਾਰ ਹੋਣਗੇ, ਜਿਸ ਵਿੱਚ ਵਰਤੋਂ, ਸੰਚਾਰਨ, ਡਿਸਪਲੇਅ, ਪ੍ਰਿੰਟਿੰਗ ਅਤੇ ਸਮੱਗਰੀ ਦੀ ਸਟੋਰੇਜ ਸ਼ਾਮਲ ਹੈ।
- ਵਰਤੋਂਕਾਰ ਨੂੰ ਸਾਰੇ ਰਾਜ, ਸੰਘੀ ਅਤੇ ਸਥਾਨਕ ਕਾਨੂੰਨ ਨੰ. 3 ਦੀ ਪਾਲਣਾ ਕਰਨੀ ਚਾਹੀਦੀ ਹੈ।
- ਕੋਈ ਵੀ ਅਜਿਹੀ ਸਮੱਗਰੀ ਜੋ ਹਿੰਸਕ ਜਾਂ ਗੈਰ-ਕਾਨੂੰਨੀ ਮੰਨੀ ਜਾਂਦੀ ਹੈ ਨੂੰ ਜਾਣਬੁੱਝ ਕੇ ਡਾਊਨਲੋਡ ਕਰਨ ਜਾਂ ਦੇਖਣ ਦੀ ਸਪੱਸ਼ਟ ਤੌਰ ਤੇ ਮਨਾਹੀ ਹੈ। ਇੰਟਰਨੈੱਟ ਦੀ ਗੈਰ-ਮਨਜ਼ੂਰ ਵਰਤੋਂ ਵਿੱਚ ਸ਼ਾਮਲ ਹੈ (ਪਰ ਇਸ ਤੱਕ ਸੀਮਤ ਨਹੀਂ)-
    - ਲਾਇਬ੍ਰੇਰੀ ਦੇ ਕਿਸੇ ਸਮਾਨ, ਸਾਫਟਵੇਅਰ ਜਾਂ ਡੇਟਾ ਨੂੰ ਨੁਕਸਾਨ ਜਾਂ ਨਸ਼ਟ ਕਰਨਾ।
    - ਤਸਵੀਰਾਂ ਸਮੇਤ, ਆਮ ਤੌਰ ਤੇ ਅਸ਼ਲੀਲ ਮੰਨੀ ਜਾਂਦੀ ਸਮੱਗਰੀ ਨੂੰ ਦੇਖਣਾ।
    - ਕਾਪੀਰਾਈਟ-ਸੁਰੱਖਿਅਤ ਸਮੱਗਰੀ ਦੀ ਜਾਣਬੁੱਝ ਕੇ ਕਾਪੀ ਕਰਨਾ ਜਾਂ ਲਾਇਸੈਂਸ ਇਕਰਾਰਨਾਮਿਆਂ ਜਾਂ ਦੂਜੇ ਇਕਰਾਰਨਾਮਿਆਂ ਦੀ ਉਲੰਘਣਾ ਕਰਨਾ।
    - ਕਿਸੇ ਵੀ ਕੰਪਿਊਟਰ ਨੈੱਟਵਰਕ ਦੇ ਸਕਿਉਰਟੀ ਸਿਸਟਮ ਦੀ ਉਲੰਘਣਾ ਜਾਂ ਉਲੰਘਣਾ ਦੀ ਕੋਸ਼ਿਸ਼ ਵੀ ਕਰਨਾ।
    - ਉਨ੍ਹਾਂ ਵਿਅਕਤੀਆਂ ਜਾਂ ਹਸਤੀਆਂ ਦੀ ਨਿੱਜਤਾ ਦੀ ਉਲੰਘਣਾ ਕਰਨਾ ਜੋ ਜਾਣਕਾਰੀ ਸ੍ਰੋਤਾਂ ਦੇ ਸਿਰਜਣਹਾਰ, ਲੇਖਕ, ਵਰਤੋਂਕਾਰ ਜਾਂ ਵਿਸ਼ਾ-ਵਸਤੂ ਹਨ।
    - ਇਲੈਕਟ੍ਰਾਨਿਕ ਸੰਚਾਰਾਂ ਦੀ ਅਣਅਧਿਕਾਰਤ ਨਿਗਰਾਨੀ।
    - ਈਮੇਲ ਸੇਵਾਵਾਂ ਦੀ ਗੈਰ-ਵਾਜਬ ਵਰਤੋਂ, ਜਿਵੇਂ ਕਿ ਸਪੈਮਿੰਗ।
    - ਜੂਏਬਾਜੀ ਦੀਆਂ ਸਾਈਟਾਂ ਜੋ ਮੋਨਾਸ਼ ਕੌਂਸਿਲ ਦੀ ਰਿਸਪਾਂਸੀਬਲ ਗੈਂਬਲਿੰਗ ਸਟਰੇਟੇਜੀ ਦੇ ਅਧੀਨ ਹਨ।
- ਕੁਝ ਖਾਸ ਕਿਸਮ ਦੀਆਂ ਪ੍ਰਕਿਰਿਆਵਾਂ, ਫਾਈਲ ਕਿਸਮਾਂ ਅਤੇ ਡਾਊਨਲੋਡ ਦੇ ਆਕਾਰ ਦੇ ਹੱਕ ਲਾਇਬ੍ਰੇਰੀ ਕੋਲ ਰਾਖਵੇਂ ਹਨ।
- ਕੰਪਿਊਟਰ ਵਰਤੋਂਕਾਰ ਪ੍ਰਿੰਟਿੰਗ ਖਰਚਿਆਂ ਦੇ ਅਨੁਸਾਰ ਸਾਰੀ ਪ੍ਰਿੰਟਿੰਗ ਲਾਗਤ ਲਈ ਜ਼ਿੰਮੇਵਾਰ ਹਨ।
- ਇਹਨਾਂ ਸ਼ਰਤਾਂ ਦੀ ਪਾਲਣਾ ਨਾ ਕਰਨ ਤੇ ਕੰਪਿਊਟਰ ਅਤੇ ਇੰਟਰਨੈੱਟ ਵਿਸ਼ੇਸ਼-ਅਧਿਕਾਰਾਂ ਨੂੰ ਰੱਦ ਕਰ ਦਿੱਤਾ ਜਾਵੇਗਾ।
- ਲਾਇਬ੍ਰੇਰੀ ਦੇ ਇੰਟਰਨੈੱਟ ਸ੍ਰੋਤਾਂ ਦੀ ਵਰਤੋਂ ਕਰਦੇ ਹੋਏ ਗੈਰ-ਕਾਨੂੰਨੀ ਕੰਮ ਕਰਨਾ ਵੀ ਸਥਾਨਕ, ਰਾਜ ਜਾਂ ਸੰਘੀ ਅਧਿਕਾਰੀਆਂ ਦੁਆਰਾ ਮੁਕੱਦਮੇ ਦੇ ਯੋਗ ਬਣਾ ਦੇਵੇਗਾ।
- ਲਾਇਬ੍ਰੇਰੀ, ਸਟਾਫ ਦੀ ਮਰਜੀ ਦੇ ਅਨੁਸਾਰ ਕਿਸੇ ਵੀ ਸ਼ੈਸ਼ਨ ਨੂੰ ਖਤਮ ਕਰਨ ਦਾ ਹੱਕ ਰਾਖਵਾਂ ਰੱਖਦੀ ਹੈ।
- ਮੋਨਾਸ਼ ਕੌਂਸਿਲ ਆਪਣੇ ਕੰਪਿਊਟਰ ਨੈੱਟਵਰਕਾਂ ਦੁਆਰਾ ਸੰਚਾਰਿਤ ਟਰੈਫਿਕ ਤੇ ਨਿਗਰਾਨੀ ਕਰਨ ਦਾ ਹੱਕ ਰਾਖਵਾਂ ਰੱਖਦੀ ਹੈ।